(10)

੧ੳ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ......................

ਮਿਤੀ 8-7-2009

ਅੱਜ ਮਿਤੀ 24 ਹਾੜ ਸੰਮਤ ਨਾਨਕਸ਼ਾਹੀ 541 (8 ਜੁਲਾਈ 2009) ਨੂੰ
ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਪ੍ਰਵਾਨ ਕੀਤਾ

## ਮਤਾ ਨੰਬਰ 9

ਪੱਛਮੀ ਦੇਸ਼ਾਂ ਦੇ ਕੁਝ ਲੋਕਾਂ ਵਿੱਚ ਸਮਲਿੰਗੀ ਵਿਆਹਾਂ (Same Sex Marriages) ਦਾ ਰੁਝਾਨ ਵਧਣ ਕਾਰਨ ਉਥੋਂ ਦੀਆਂ ਸਰਕਾਰਾਂ ਵਲੋਂ ਅਜਿਹੀਆਂ ਸ਼ਾਦੀਆਂ ਨੂੰ ਕਾਨੂੰਨੀ ਮਾਨਤਾ ਦੇਣ ਬਾਰੇ ਭਾਰੀ ਵਾਦ-ਵਿਵਾਦ ਚੱਲ ਰਿਹਾ ਹੈ। ਹੁਣ ਭਾਰਤ ਵਿੱਚ ਵੀ ਇਹ ਮਸਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਵਿਸ਼ਵ ਭਰ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ਸਮਲਿੰਗੀ ਵਿਆਹਾਂ ਨੂੰ ਗੁਰਮਤਿ ਵਿਚਾਰਧਾਰਾ ਤੇ ਸਿੱਖ ਰਹਿਤ ਮਰਯਾਦਾ ਵਿੱਚ ਕੋਈ ਸਥਾਨ ਪ੍ਰਾਪਤ ਨਹੀ ਹੈ। ਸਮਲਿੰਗੀ ਵਿਆਹ ਰੋਗੀ ਮਾਨਸਿਕਤਾ ਦੀ ਉਪਜ ਹੈ। ਸਮਲਿੰਗੀ ਸ਼ਾਦੀਆਂ ਗੈਰ-ਕੁਦਰਤੀ ਰੁਝਾਨ ਹੈ, ਜਿਸ ਨੂੰ ਪਸ਼ੂ, ਪੰਛੀ ਵੀ ਪ੍ਰਵਾਨ ਨਹੀਂ ਕਰਦੇ। ਅਜਿਹੇ ਵਿਆਹ ਸਮਾਜੀ ਅਤੇ ਪਰਿਵਾਰਕ ਰਿਸ਼ਤਿਆਂ ਵਿੱਚ ਤਰੇੜ ਪਾਉਣ ਦੇ ਨਾਲ-ਨਾਲ ਮਨੁੱਖਤਾ ਦੇ ਕਲਿਆਣ ਦੀ ਬਜਾਏ ਮਨੁੱਖਤਾ ਦੇ ਵਿਨਾਸ਼ ਦੀ ਅਲਾਮਤ ਹਨ। ਸਿੱਖ ਸੰਗਤਾਂ ਅਜਿਹੇ ਰੁਝਾਨਾਂ ਨੂੰ ਨਾ ਹੀ ਉਤਸ਼ਾਹਤ ਕਰਨ ਅਤੇ ਨਾ ਹੀ ਗੁਰਦੁਆਰਿਆਂ ਵਿੱਚ ਸਮਲਿੰਗੀ ਵਿਆਹਾਂ ਨਾਲ ਸਬੰਧਤ ਅਨੰਦ ਕਾਰਜ ਜਾਂ ਧਾਰਮਿਕ ਰਸਮਾਂ ਕਰਕੇ ਅਜਿਹੇ ਗੁਰਮਤਿ ਵਿਰੋਧੀ ਕਾਰਜ ਨੂੰ ਕੋਈ ਮਾਨਤਾ ਦੇਣ। ਸਿੱਖ ਧਰਮ ਦੇ ਉੱਚੇ ਸੁੱਚੇ ਆਦਰਸ਼ਾਂ ਦੀ ਦ੍ਰਿੜਤਾ ਲਈ ਸਮੂਹ ਸਿੰਘ ਸੰਗਤਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੋਂ ਪ੍ਰੇਰਣਾ ਅਤੇ ਬਲ ਪ੍ਰਾਪਤ ਕਰਕੇ ਮਾਨਵੀ ਕਲਿਆਣ ਲਈ ਇਸ ਨੂੰ ਅਮਲੀ ਜਾਮਾ ਪਹਿਨਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਵ ਭਰ ਦੀਆਂ ਸੰਗਤਾਂ ਨੂੰ ਮਿਤੀ 16-1-2005 ਨੂੰ ਸੰਦੇਸ਼ ਜਾਰੀ ਕੀਤਾ ਗਿਆ ਹੈ।

( ਗੁਰਬਚਨ ਸਿੰਘ )
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

ਫੋਨ/ਫੈਕਸ ਦਫ਼ਤਰ : 91-183-2540820, ਪੀ.ਬੀ.ਐਕਸ : 91-183-2553957, 58, 59. ਐਕਸਟੈਨਸ਼ਨ : ਦਫ਼ਤਰ 434

(9)

੧ੴ ਵਾਹਿਗੁਰੂ ਜੀ ਕੀ ਫਤਹ ॥

ਗਿਆਨੀ ਜੋਗਿੰਦਰ ਸਿੰਘ
ਜਥੇਦਾਰ

ਸ੍ਰੀ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ

ਨੰਬਰ ਅ:ਤ/ਸੰ:ਪੱਤ੍ਰ-005

ਮਿਤੀ 16-1-2005

# ਸੰਦੇਸ਼

ਪੱਛਮੀ ਦੇਸਾਂ ਦੇ ਕੁਝ ਲੋਕਾਂ ਵਿਚ ਸਮਲਿੰਗੀ ਵਿਆਹਾਂ (Same Sex Marriages) ਦਾ ਰੁਝਾਨ ਵਧਣ ਕਾਰਨ ਉਥੋਂ ਦੀਆਂ ਸਰਕਾਰਾਂ ਵਲੋਂ ਅਜਿਹੀਆਂ ਸ਼ਾਦੀਆਂ ਨੂੰ ਕਾਨੂੰਨੀ ਮਾਨਤਾ ਦੇਣ ਬਾਰੇ ਭਾਰੀ ਵਾਦ-ਵਿਵਾਦ ਚੱਲ ਰਿਹਾ ਹੈ। ਵਿਸ਼ਵ ਭਰ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ਸਮਲਿੰਗੀ ਵਿਆਹਾਂ ਨੂੰ ਗੁਰਮਤਿ ਵਿਚਾਰਧਾਰਾ ਤੇ ਸਿੱਖ ਰਹਿਤ ਮਰਯਾਦਾ ਵਿਚ ਕੋਈ ਸਥਾਨ ਪ੍ਰਾਪਤ ਨਹੀਂ ਹੈ। ਸਮਲਿੰਗੀ ਵਿਆਹ ਰੋਗੀ ਮਾਨਸਿਕਤਾ ਦੀ ਉਪਜ ਹੈ। ਸਮਲਿੰਗੀ ਸ਼ਾਦੀਆਂ ਗੈਰ ਕੁਦਰਤੀ ਰੁਝਾਨ ਹੈ ਜਿਸਨੂੰ ਪਸ਼ੂ, ਪੰਛੀ ਵੀ ਪ੍ਰਵਾਨ ਨਹੀਂ ਕਰਦੇ। ਅਜਿਹੇ ਵਿਆਹ ਸਮਾਜੀ ਅਤੇ ਪਰਿਵਾਰਕ ਰਿਸ਼ਤਿਆਂ ਵਿਚ ਤਰੇੜ ਪਾਉਣ ਦੇ ਨਾਲ ਨਾਲ ਮਨੁੱਖਤਾ ਦੇ ਕਲਿਆਣ ਦੀ ਬਜਾਏ ਮਨੁੱਖਤਾ ਦੇ ਵਿਨਾਸ਼ ਦੀ ਅਲਾਮਤ ਹਨ। ਸਿੱਖ ਸੰਗਤਾਂ ਅਜਿਹੇ ਰੁਝਾਨਾਂ ਨੂੰ ਨਾ ਹੀ ਉਤਸ਼ਾਹਤ ਕਰਨ ਅਤੇ ਨਾ ਹੀ ਗੁਰਦੁਆਰਿਆਂ ਵਿਚ ਸਮਲਿੰਗੀ ਵਿਆਹਾਂ ਨਾਲ ਸਬੰਧਤ ਅਨੰਦ ਕਾਰਜ ਜਾਂ ਧਾਰਮਿਕ ਰਸਮਾਂ ਕਰਕੇ ਅਜਿਹੇ ਗੁਰਮਤਿ ਵਿਰੋਧੀ ਕਾਰਜ ਨੂੰ ਕੋਈ ਮਾਨਤਾ ਦੇਣ। ਸਿੱਖ ਧਰਮ ਦੇ ਉੱਚੇ ਸੁੱਚੇ ਆਦਰਸ਼ਾਂ ਦੀ ਦ੍ਰਿੜਤਾ ਲਈ ਸਮੂਹ ਸਿੱਖ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੋਂ ਪ੍ਰੇਰਣਾ ਅਤੇ ਬਲ ਪ੍ਰਾਪਤ ਕਰਕੇ ਮਾਨਵੀ ਕਲਿਆਣ ਲਈ ਇਸ ਨੂੰ ਅਮਲੀ ਜਾਮਾ ਪਹਿਨਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਜੋਗਿੰਦਰ ਸਿੰਘ
(ਜੋਗਿੰਦਰ ਸਿੰਘ)

ਫੋਨ/ਫੈਕਸ ਦਫਤਰ : 0183-540820, ਘਰ : 0183-293937, ਪੀ.ਬੀ.ਐਕਸ : 553957.58,59 ਐਕਸਟੈਨਸ਼ਨ : ਦਫਤਰ 434, ਘਰ 430